BRAMPTON Flower City
brampton.ca

media release

17 ਅਪ੍ਰੈਲ, 2018

## ਬ੍ਰੈਂਪਟਨ ਪ੍ਰਦਰਸ਼ਨ ‘ਤੇ ਧਿਆਨ ਕੇਂਦਰਿਤ ਕਰ ਰਿਹਾ ਹੈ: ਉੱਤਰ ਪੱਛਮੀ ਜੀ.ਟੀ.ਏ. ਵਿੱਚ ਸੰਗੀਤ ਦੇ ਸਰਬੋਤਮ ਕਲਾਕਾਰਾਂ ਨੂੰ ਐਨ.ਐਕਸ.ਐਨ.ਈ. ਵਿੱਚ ਸਪਾਟਲਾਈਟ ਕੀਤਾ ਜਾਏਗਾ

*‘This is Brampton’ ਪ੍ਰਦਰਸ਼ਨ ਵਿੱਚ ਸਾਰੇ ਉੱਭਰਦੇ ਸੰਗੀਤ ਕਲਾਕਾਰਾਂ ਨੂੰ ਮਸ਼ਹੂਰ ਹੋਣ ਵਿਚ ਮਦਦ ਲਈ ਸੱਦਾ ਦਿੱਤਾ ਜਾ ਰਿਹਾ ਹੈ, ਅਰਜ਼ੀ ਦੀ ਆਖ਼ਰੀ ਤਾਰੀਖ 27 ਅਪ੍ਰੈਲ ਹੈ*

ਬ੍ਰੈਂਪਟਨ, ਓਨਟੈਰੀਓ – ਅਲੈਸੀਆ ਕਾਰਾ (Alessia Cara) ਦੀ ਗ੍ਰੈਮੀ (Grammy) ਜਿੱਤ ਦੇ ਤੁਰੰਤ ਬਾਅਦ, ਜੈਸੀ ਰੇਏਜ਼ (Jessie Reyez) ਦਾ ਜੂਨੋ ਅਵਾਰਡ (JUNO Award), ਅਤੇ ਬ੍ਰੈਂਪਟਨ ਦੇ ਆਰਟਸ ਵਾਕ ਆਫ ਫੇਮ (Arts Walk of Fame) ਵਿੱਚ ਪ੍ਰਸਿੱਧੀ ਪ੍ਰਾਪਤ ਐਕਸਕੋ ਲੇਵੀ (Exco Levi) ਅਤੇ *ਹੌਟਲਾਈਨ ਬਲਿੰਗ (Hotline Bling)* ਦੇ ਡਾਇਰੈਕਟਰ ਐਕਸ (Director X) ਦਾ ਸੁਆਗਤ ਸਮਾਰੋਹ, ਬ੍ਰੈਂਪਟਨ ਲਗਾਤਾਰ ਉੱਭਰਦੀ ਪ੍ਰਤਿਭਾ ਲਈ ਇੱਕ ਮੰਚ ਦੇ ਤੌਰ ‘ਤੇ ਵਿਸ਼ਵਵਿਆਪੀ ਸੰਗੀਤ ਸਬੰਧੀ ਮੌਕਿਆਂ ਨੂੰ ਇਸੇ ਤਰ੍ਹਾਂ ਵਿਕਸਿਤ ਕਰਦਾ ਰਹੇਗਾ। ਸਿਟੀ ਆਫ ਬ੍ਰੈਂਪਟਨ (City of Brampton) ਨੇ ਸਭ ਤੋਂ ਵੱਧ ਰੋਮਾਂਚਕ ਅਤੇ ਹੋਣਹਾਰ ਕਲਾਕਾਰਾਂ, ਜੋ ਬ੍ਰੈਂਪਟਨ ਨੂੰ ਆਪਣਾ ਘਰ ਕਹਿੰਦੇ ਹਨ, ਵਿੱਚੋਂ ਕੁਝ ਨੂੰ ਲੋਕਾਂ ਦੀ ਨਜ਼ਰ ਵਿੱਚ ਲਿਆਉਣ (ਸਪਾਟਲਾਈਟ) ਲਈ ਹੁਣ ਤੱਕ ਦੀ ਪਹਿਲੀ ਭਾਈਵਾਲੀ ਵਿੱਚ ਅੱਜ ਦੁਨੀਆ ਦੇ ਪ੍ਰਮੁੱਖ ਸੰਗੀਤ ਫੈਸਟੀਵਲ, ਨੌਰਥ ਬਾਇ ਨੌਰਥੀਸਟ (North by Northeast) (ਐਨ.ਐਕਸ.ਐਨ.ਈ.) ਵਿੱਚ ਆਪਣੀ ਭਾਗੀਦਾਰੀ ਦੀ ਘੋਸ਼ਣਾ ਕੀਤੀ।

***This is Brampton*** ਸ਼ੁੱਕਰਵਾਰ, 15 ਜੂਨ ਨੂੰ ਐਨ.ਐਕਸ.ਐਨ.ਈ. (NXNE) ਦੇ ਹਿੱਸੇ ਦੇ ਤੌਰ ‘ਤੇ, ਟੋਰੋਂਟੋ (Toronto) ਦੇ ਉੱਘੇ ਲਾਈਵ ਸੰਗੀਤ ਦੇ ਸਥਾਨ ਰਿਵੋਲੀ (Rivoli) (334 ਕਵੀਨ ਸਟ੍ਰੀਟ ਵੈਸਟ, ਟੋਰੋਂਟੋ (334 Queen St. W., Toronto)) ਦਾ ਕਬਜ਼ਾ ਲਵੇਗਾ। ਸਿਟੀ ਆਫ ਬ੍ਰੈਂਪਟਨ (City of Brampton) ਸਾਰੇ ਸਥਾਨਕ ਸੰਗੀਤਕਾਰਾਂ, ਰਿਕਾਰਡਿੰਗ ਕਲਾਕਾਰਾਂ ਅਤੇ ਬੈਂਡਸ ਨੂੰ ਬਹੁਮੁੱਲਾ ਐਕਸਪੋਜ਼ਰ ਪ੍ਰਾਪਤ ਕਰਨ ਦੇ ਮੌਕੇ ਲਈ ਇਸ ਰੋਮਾਂਚਕ ਪ੍ਰਦਰਸ਼ਨ (ਸ਼ੋਕੇਸ), ਜੋ ਉਹਨਾਂ ਦੇ ਸੰਗੀਤ ਕੈਰੀਅਰ ਨੂੰ ਅਗਲੇ ਪੱਧਰ ਤੱਕ ਲਿਜਾਣ ਵਿੱਚ ਮਦਦ ਕਰ ਸਕਦਾ ਹੈ, ਵਿੱਚ ਭਾਗ ਲੈਣ ਅਤੇ ਬ੍ਰੈਂਪਟਨ ਦੇ ਮਾਣ ਦੇ ਜਸ਼ਨ ਵਿੱਚ ਸ਼ਾਮਲ ਹੋਣ ਲਈ ਸੱਦਾ ਦੇ ਰਹੀ ਹੈ।

**ਭਾਗ ਕਿਵੇਂ ਲੈਣਾ ਹੈ:** ਸਾਰੀਆਂ ਸ਼ੈਲੀਆਂ ਦੇ ਰਿਕਾਰਡਿੰਗ ਕਲਾਕਾਰਾਂ ਅਤੇ ਬੈਂਡਸ ਨੂੰ 27 ਅਪ੍ਰੈਲ ਨੂੰ ਸ਼ਾਮ 4 ਵਜੇ ਈ.ਟੀ. (ET) ਤੱਕ culture@brampton.ca ‘ਤੇ ਅਰਜ਼ੀ ਭੇਜਣ ਲਈ ਸੱਦਾ ਦਿੱਤਾ ਜਾਂਦਾ ਹੈ। ਜੀ.ਟੀ.ਏ. (GTA) ਦੇ ਸੰਗੀਤ ਟੈਸਟਮੇਕਰਸ (ਪਾਰਖੂਆਂ) ਦਾ ਇੱਕ ਪੈਨਲ ਪ੍ਰਸਤੁਤੀਆਂ ਦਾ ਕੰਮ ਸੰਭਾਲੇਗਾ; ਸਿਰਫ਼ ਸਫਲ ਬਿਨੈਕਾਰਾਂ ਨੂੰ ਹੀ ਮਈ ਦੇ ਮੱਧ ਵਿੱਚ ਸੰਪਰਕ ਕੀਤਾ ਜਾਏਗਾ।

ਅਰਜ਼ੀ ਸਬੰਧੀ ਗਾਈਡਲਾਈਨਾਂ ਸਮੇਤ *This is Brampton* ਬਾਰੇ ਹੋਰ ਜਾਣਕਾਰੀ ਲਈ, www.brampton.ca/NXNE ‘ਤੇ ਜਾਓ ਜਾਂ culture@brampton.ca ‘ਤੇ ਈਮੇਲ ਕਰੋ।

ਜੀ.ਟੀ.ਏ. ਵਿੱਚ ਸਭ ਤੋਂ ਛੋਟੇ ਅਤੇ ਵਿਲੱਖਣ ਰੂਪ ਨਾਲ ਵਿਵਿਧ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ‘ਤੇ, ਬ੍ਰੈਂਪਟਨ ਸਦਭਾਵਨਾ ਵਾਲੇ ਇੱਕ ਅਜਿਹੇ ਸੱਭਿਆਚਾਰਕ ਕੇਂਦਰ ਦੇ ਤੌਰ ‘ਤੇ ਉੱਭਰਿਆ ਹੈ, ਜੋ ਦੁਨੀਆ ਦੀ ਸਭ ਤੋਂ ਵੱਧ ਰਚਨਾਤਮਕ ਅਤੇ ਮੌਲਿਕ ਪ੍ਰਤਿਭਾ ਵਿੱਚੋਂ ਕੁਝ ਨੂੰ ਵਿਕਸਿਤ ਕਰ ਰਿਹਾ ਹੈ।

*This is Brampton* ਐਨ.ਐਕਸ.ਐਨ.ਈ. ਦੀ ਟੈਸਟਮੇਕਰ ਸੀਰੀਜ (Tastemaker Series) 2018 ਦਾ ਇੱਕ ਫੀਚਰ ਹੋਵੇਗਾ, ਜੋ ਕਿ ਕੈਨੇਡਿਅਨ ਸੰਗੀਤ ਸ਼ਖਸ਼ੀਅਤਾਂ, ਡਿਜੀਟਲ ਸ਼ਖਸ਼ੀਅਤਾਂ, ਇੰਡਸਟਰੀ ਲੀਡਰਾਂ, ਸੂਬਾਈ, ਮਿਊਨਿਸਿਪਲ ਅਤੇ ਰਾਸ਼ਟਰੀ ਸੰਗੀਤ ਐਸੋਸੀਏਸ਼ਨਾਂ, ਰਿਕਾਰਡ ਲੇਬਲਾਂ ਆਦਿ ਦੁਆਰਾ ਬਣਾਏ ਗਏ ਸ਼ੋਜ ਦਾ ਇੱਕ ਸੈੱਟ ਹੈ।

ਪ੍ਰਦਰਸ਼ਨ ਲਈ ਟਿਕਟਾਂ ਅਤੇ ਰਿਸਟਬੈਂਡ nxne.com ‘ਤੇ ਉਪਲਬਧ ਹਨ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca